## 1. ਨਿੱਜੀ ਜਾਂ ਘਰੇਲੂ ਚਿੱਠੀਆਂ

**1. ਵੱਡੇ ਭਰਾ ਵਲੋਂ ਛੋਟੇ ਭਰਾ ਨੂੰ ਚਿੱਠੀ ਲਿਖੋ ਕਿ ਉਹ ਪੜ੍ਹਾਈ ਦੇ ਨਾਲ-ਨਾਲ ਸਿਹਤ ਦਾ ਧਿਆਨ ਵੀ ਰੱਖੇ ਅਤੇ ਖੇਡਾਂ ਵਿੱਚ ਭਾਗ ਲਿਆ ਕਰੇ ।**

18 ਨਵਾਂ ਹੋਸਟਲ,
ਸਰਕਾਰੀ ਕਾਲਜ,
ਲੁਧਿਆਣਾ ।
10 ਦਸੰਬਰ, 199...

ਪਿਆਰੇ ਹਰਮੀਤ,

ਮੈਨੂੰ ਕੱਲ ਹੀ ਪਿਤਾ ਜੀ ਦੀ ਚਿੱਠੀ ਮਿਲੀ ਹੈ ਜਿਸ ਤੋਂ ਪਤਾ ਲਗਦਾ ਹੈ ਕਿ ਤੇਰੀ ਸਿਹਤ ਕੁਝ ਢਿੱਲੀ-ਮੱਠੀ ਰਹਿੰਦੀ ਹੈ, ਚੰਗਾ ਹੋਵੇ ਜੇ ਤੂੰ ਆਪ ਮੈਨੂੰ ਵਿਸਥਾਰ ਵਿੱਚ ਪੱਤਰ ਲਿਖੇਂ ਕਿ ਅਸਲ ਵਿੱਚ ਗੱਲ ਕੀ ਹੈ ?

ਮੇਰਾ ਆਪਣਾ ਖਿਆਲ ਹੈ ਕਿ ਤੂੰ ਪੜ੍ਹਾਈ ਵਿੱਚ ਲੋੜ ਤੋਂ ਵੱਧ ਅਤੇ ਆਪਣੇ ਵਿਤੋਂ ਵੱਧ ਧਿਆਨ ਤੇ ਵਕਤ ਦੇਂਦਾ ਹੈ । ਇਸ ਦਾਂ ਭਾਵ ਇਹ ਹੈ ਕਿ ਤੂੰ ਦਿਨੋਂ ਦਿਨ ਕਿਤਾਬਾਂ ਦਾ ਕੀੜਾ ਬਣਦਾ ਜਾ ਰਿਹਾ ਹੈ । ਤੂੰ ਆਪਣੇ ਖਾਣ-ਪੀਣ, ਅਰਾਮ, ਖੇਡਣ ਤੇ ਕਸਰਤ ਦਾ ਉੱਕਾ ਕੋਈ ਖਿਆਲ ਨਹੀਂ ਕਰਦਾ । ਇਹ ਗੱਲ ਵੀ ਠੀਕ ਹੈ ਕਿ ਹਰ ਇੱਕ ਵਿਦਿਆਰਥੀ ਨੂੰ ਆਪਣੀ ਪੜ੍ਹਾਈ ਵੱਲ ਪੂਰਾ ਪੂਰਾ ਧਿਆਨ ਰੱਖਣਾ ਚਾਹੀਦਾ ਹੈ। ਮੈਨੂੰ ਇਸ ਗੱਲ ਦੀ ਵੀ ਖ਼ੁਸ਼ੀ ਹੈ ਕਿ ਤੂੰ ਆਪਣੀ ਸਾਰੀ ਜਮਾਤ ਵਿਚੋਂ ਪਹਿਲੇ ਨੰਬਰ ਤੇ ਆਇਆ ਹੈਂ । ਪਰ ਤੈਨੂੰ ਇਹ ਗੱਲ ਵੀ ਯਾਦ ਰੱਖਣੀ ਚਾਹੀਦੀ ਹੈ ਕਿ ਨਿਰੀ ਵਿਦਿਅਕ ਯੋਗਤਾ ਹੀ ਸਭ ਕੁਝ ਨਹੀਂ ਹੁੰਦੀ ਵਿਦਿਅਕ-ਯੋਗਤਾ ਦੇ ਨਾਲ-ਨਾਲ ਸਰੀਰਕ ਅਰੋਗਤਾ ਦੀ ਵੀ ਬਹੁਤ ਜ਼ਿਆਦਾ ਲੋੜ ਹੁੰਦੀ ਹੈ । ਸਿਆਣਿਆਂ ਨੇ ਕਿਹਾ ਹੈ ਕਿ ਅਰੋਗ ਸਰੀਰ ਵਿੱਚ ਹੀ ਅਰੋਗ ਮਨ ਦਾ ਨਿਵਾਸ ਹੁੰਦਾ ਹੈ । ਜਿਸ ਮੁੰਡੇ ਨੂੰ ਹਰ ਵੇਲੇ ਸਿਰ ਪੀੜ ਜਾਂ ਲੱਕ-ਪੀੜ ਹੁੰਦੀ ਰਹੇ ਉਸ ਦੀ ਪੜ੍ਹਾਈ ਦਾ ਨੇਪਰੇ ਚੜ੍ਹਨਾ ਵੀ ਮੁਸ਼ਕਲ ਹੁੰਦਾ ਹੈ ।

ਪਿਆਰੇ ਹਰਮੀਤ ਮੈਂ ਤੈਨੂੰ ਸਲਾਹ ਦਿਆਂਗਾ ਕਿ ਤੂੰ ਖੇਡਾਂ ਵਿੱਚ ਵੀ ਭਾਗ ਲਿਆ ਕਰ । ਇਹਨਾ ਸੋਚੀਂ ਕਿ ਖੇਡਾਂ ਵਿੱਚ ਭਾਗ ਲੈਣ ਨਾਲ ਪੜ੍ਹਾਈ ਦਾ ਹਰਜ਼ ਹੁੰਦਾ ਹੈ । ਸਗੋਂ ਖੇਡਣ ਉਪਰੰਤ ਸਰੀਰ ਚੁਸਤ ਤੇ ਫੁਰਤੀਲਾ ਹੋ ਜਾਂਦਾ ਹੈ ਅਤੇ ਪੜ੍ਹਾਈ ਵਿੱਚ ਵਧੇਰੇ ਧਿਆਨ ਲੱਗਦਾ ਹੈ। ਹਰ ਰੋਜ਼ ਅੱਧਾ ਪੌਣਾ ਘੰਟਾ ਮਨਪਸੰਦ ਖੇਡ-ਖੇਡਿਆ ਕਰ ਅਤੇ ਇੱਕ ਸਮੇਂ (ਸਵੇਰੇ ਜਾਂ ਸ਼ਾਮ) ਨੂੰ ਸੈਰ ਵੀ ਜ਼ਰੂਰ ਕਰਿਆ ਕਰ । ਆਪਣੀ ਖ਼ੁਰਾਕ ਦਾ ਵੀ ਖਿਆਲ ਰੱਖਿਆ ਕਰ ਅਤੇ ਸਮੇਂ ਸਿਰ ਅਰਾਮ ਵੀ ਪੂਰਾ ਕਰਿਆ ਕਰ ਇਸ ਤਰ੍ਹਾਂ ਤੇਰੀ ਸਿਹਤ ਵੀ ਠੀਕ ਰਹੇਗੀ ਅਤੇ ਪੜ੍ਹਾਈ ਵਿੱਚ ਵੀ ਤੂੰ ਉਚੇਰੀਆਂ ਮੰਜ਼ਲਾਂ ਮਾਰ ਸਕੇਗਾ । ਪਿਤਾ ਜੀ ਅਤੇ ਮਾਤਾ ਜੀ ਨੂੰ ਚਰਨ ਬੰਦਨਾਂ ਅਤੇ ਵੀਰਾਂ-ਭੈਣਾਂ ਨੂੰ ਸਤਿ ਸ੍ਰੀ ਅਕਾਲ ।

ਤੇਰਾ ਵੀਰ,
ਹਰਦਿਲਜੀਤ ਸਿੰਘ ।

2. **ਆਪਣੇ ਪਿਤਾ ਜੀ ਨੂੰ ਪੱਤਰ ਲਿਖੋ ਕਿ ਤੁਸੀਂ ਦਸਵੀਂ ਦਾ ਇਮਿਤਿਹਾਨ ਪਾਸ ਕਰਨ ਉਪਰੰਤ ਅਗੋਂ ਪੜ੍ਹਨਾਂ ਚਾਹੁੰਦੇ ਹੋ ।**

ਪ੍ਰੀਖਿਆ ਭਵਨ,
ਕੇਂਦਰ, ੳ, ਅ. ੲ. ।
16 ਮਈ, 199...

ਪਰਮ ਸਤਿਕਾਰ ਯੋਗ ਪਿਤਾ ਜੀਓ,

ਸਤਿ ਸ੍ਰੀ ਅਕਾਲ ।

ਆਪ ਜੀ ਨੂੰ ਇਹ ਜਾਣ ਕੇ ਖ਼ੁਸ਼ੀ ਹੋਵੇਗੀ ਕਿ ਮੇਰੇ ਸਾਰੇ ਪਰਚੇ ਬਹੁਤ ਚੰਗੇ ਹੋ ਚੰਗੇ ਹੋ ਗਏ ਹਨ । ਅੱਜ ਮੇਰਾ ਅਖੀਰਲਾ **ਗਣਿਤ** ਦਾ ਪਰਚਾ ਸੀ । ਇਸ ਪਰਚੇ ਵਿਚੋਂ ਮੈਨੂੰ ਉਮੀਦ ਹੈ ਕਿ ਮੈਂ 92 ਪ੍ਰਤੀਸ਼ਤ ਨੰਬਰ ਲੈ ਜਾਵਾਂਗਾ । ਸਾਰੇ ਪਰਚਿਆਂ ਵਿਚੋਂ ਮਿਲਾ ਕੇ ਮੇਰਾ ਅੱਛੀ ਫ਼ਸਟ ਡਵੀਜਨ ਆਉਣ ਦੀ ਪੱਕੀ ਸੰਭਾਵਨਾ ਹੈ । ਆਪ ਦੀਆਂ ਅਸ਼ੀਰਵਾਦਾਂ ਸਦਕਾ ਅਤੇ ਪਰਮਾਤਮਾਂ ਦੀ ਮਿਹਰ ਨਾਲ ਮੇਰੀ ਮਿਹਨਤ ਨੂੰ ਜ਼ਰੂਰ ਫਲ ਲਗੇਗਾ ।

ਪਿਤਾ ਜੀ ਮੈਂ ਦਸਵੀਂ ਕਰਨ ਤੋਂ ਬਾਅਦ ਅਜੇ ਨਾ ਤਾਂ ਨੌਕਰੀ ਕਰਨ ਦਾ ਵਿਚਾਰ ਰੱਖਦਾ ਹਾਂ ਅਤੇ ਨਾ ਹੀ ਕੋਈ ਆਪਣਾ ਕੰਮ ਧੰਦਾ ਕਰਨਾ ਚਾਹੁੰਦਾ ਹਾਂ। ਮੇਰੀ ਦਿੱਲੀ ਇੱਛਾ ਹੈ ਕਿ ਮੈਂ ਐਮ. ਏ. ਪੰਜਾਬੀ ਕਰਕੇ ਇਕ ਸਫਲ ਪ੍ਰਾ-ਅਧਿਆਪਕ ਬਣਾਂ। ਇੱਕ ਤਾਂ ਅੱਜ ਕਲ ਦਸਵੀਂ ਪਾਸ ਨੂੰ ਕੋਈ ਚੰਗੀ ਨੌਕਰੀ ਨਹੀਂ ਮਿਲਦੀ ਅਤੇ ਦੂਸਰਾ ਇਹ ਕਿ ਕੰਮ ਧੰਦੇ ਲਈ ਬਹੁਤ ਸਾਰੇ ਸਰਮਾਏ ਦੀ ਲੋੜ ਹੁੰਦੀ ਹੈ। ਮੈਨੂੰ ਇਹ ਵੀ ਪਤਾ ਹੈ ਕਿ ਅਜੇ ਅਸਾਂ ਆਪਣੀਆਂ ਦੋ ਵੱਡੀਆਂ ਭੈਣਾਂ ਦੀ ਸ਼ਾਦੀ ਵੀ ਕਰਨੀ ਹੈ। ਅਜਿਹੀ ਹਾਲਤ ਵਿੱਚ ਕਾਰੋਬਾਰ ਵਿੱਚ ਧਨ ਲਗਾ ਸਕਣਾ ਸੰਭਵ ਨਹੀਂ ਹੋਵੇਗਾ। ਇਸ ਲਈ ਜੇ ਮੈਂ ਅਗੋਂ ਪੜ੍ਹਨਾ ਅਰੰਭ ਕਰਦਿਆਂ ਤਾਂ ਨਾਲੇ ਮੇਰੀ ਇੱਛਾ ਪੂਰੀ ਹੋ ਜਾਵੇਗੀ ਅਤੇ ਨਾਲ ਹੀ ਇਨ੍ਹਾਂ ਸਾਲਾਂ ਵਿੱਚ ਅਸੀਂ ਭੈਣਾ ਦੇ ਵਿਆਹ ਵੀ ਕਰ ਸਕਾਂਗੇ। ਪਿਤਾ ਜੀ ਮੈਂ ਆਪਣੇ ਪਰਿਵਾਰ ਦੀ ਆਰਥਿਕ ਹਾਲਤ ਬਾਰੇ ਚੰਗੀ ਤਰ੍ਹਾਂ ਸਮਝਦਾ ਹਾਂ। ਮੈਂ ਤੁਹਾਨੂੰ ਵਿਸ਼ਵਾਸ ਦੁਆਉਂਦਾ ਹਾਂ ਕਿ ਮੈਂ ਬਹੁਤ ਘੱਟ ਖਰਚ ਕਰਾਂਗਾ। ਸਗੋਂ ਕੋਸ਼ਿਸ਼ ਕਰਾਂਗਾ ਕਿ ਗਣਿਤ ਤੇ ਅੰਗਰੇਜ਼ੀ ਦੀਆਂ ਕੁਝ ਟਿਊਸ਼ਨਾਂ ਕਰ ਲਵਾ ਤਾਂ ਕਿ ਆਪ ਤੇ ਘੱਟ ਤੋਂ ਘੱਟ ਆਰਥਿਕ ਭਾਰ ਪਾਵਾਂ।

ਮੈਂ ਬੀ. ਏ. ਪੰਜਾਬੀ (ਆਨਰਜ਼) ਨਾਲ ਪਾਸ ਕਰਨ ਦਾ ਵਿਚਾਰ ਰੱਖਦਾ ਹਾਂ। ਆਪ ਖੁਸ਼ ਹੋਵੋਗੇ ਕਿ ਮੈਂ ਕੱਲ ਤੋਂ ਹੀ ਲਾਏਬ੍ਰੇਰੀ ਜਾ ਕੇ ਪੰਜਾਬੀ ਦੇ ਪ੍ਰਸਿੱਧ ਸਾਹਿਤਕਾਰਾਂ, ਨਾਨਕ ਸਿੰਘ, ਸੰਤ ਸਿੰਘ ਸੇਖੋ, ਪ੍ਰੋ. ਪੂਰਨ ਸਿੰਘ, ਪ੍ਰੋ. ਮੋਹਨ ਸਿੰਘ, ਅੰਮ੍ਰਿਤਾ ਪ੍ਰੀਤਮ, ਬਾਵਾ ਬਲਵੰਤ ਅਤੇ ਭਾਈ ਵੀਰ ਸਿੰਘ ਜੀ ਆਦਿ ਦੀਆਂ ਪ੍ਰਮੁੱਖ ਰਚਨਾਵਾਂ ਪੜ੍ਹਨੀਆਂ ਆਰੰਭ ਕਰਦੇਵਾਂਗਾ।

ਮੈਂ ਪੜ੍ਹਨ-ਲਿਖਣ ਤੋਂ ਕਦੇ ਵੀ ਅੱਕਦਾ ਥੱਕਦਾ ਨਹੀਂ ਅਤੇ ਸਾਹਿਤ-ਅਧਿਅਨ ਤਾਂ ਮੇਰਾ ਮਨਭਾਉਂਦਾ ਵਿਸ਼ਾ ਹੈ। ਮੈਂ ਘੰਟਿਆਂ ਬੱਧੀ ਲਗਾਤਾਰ ਅਧਿਅਨ ਕਰ ਸ਼ਕਦਾ ਹਾਂ। ਮੈਨੂੰ ਤੁਹਾਡੀ ਤੇ ਮਾਤਾ ਜੀ ਦੀ ਅਸ਼ੀਰਵਾਦ ਚਾਹੀਦੀ ਹੈ। ਮੈਨੂੰ ਪੂਰਨ ਆਸ ਹੈ ਕਿ ਤੁਸੀ ਮੇਰੀ ਇਹ ਦਿਲੀ ਇੱਛਾ ਜ਼ਰੂਰ ਪੂਰੀ ਕਰੋਗੇ। ਮੈਂ ਆਪ ਨੂੰ ਇਹ ਵੀ ਵਿਸ਼ਵਾਸ ਦੁਆਉਂਦਾ ਹਾਂ ਕਿ ਮੈਂ ਜੋ ਕੁਝ ਵੀ ਕਰਾਂਗਾ ਤੁਹਾਡੀ ਆਗਿਆ ਨਾਲ ਹੀ ਕਰਾਂਗਾ ਅਤੇ ਕਦੀ ਵੀ ਤੁਹਾਡੀ ਆਗਿਆ ਦਾ ਉਲੰਘਣ ਕਰਨ ਦਾ ਸੁਪਨਾ ਵੀ ਨਹੀਂ ਲਵਾਂਗਾ। ਸਤਿਕਾਰ ਯੋਗ ਮਾਤਾ ਜੀ ਨੂੰ ਪੈਰੀ-ਪੈਣਾ ਅਤੇ ਵੀਰਾਂ ਤੇ ਭੈਣਾਂ ਨੂੰ ਸਤਿ ਸ੍ਰੀ ਅਕਾਲ।

ਤੁਹਾਡਾ ਪਿਆਰਾ ਬੇਟਾ,
ਰੋਲ ਨੰ .......

**3 ਆਪਣੇ ਪਿਤਾ ਜੀ ਨੂੰ ਪੱਤਰ ਲਿਖ ਕੇ ਕਾਲਜ ਵਲੋਂ ਜਾ ਰਹੇ ਟੂਰ ਵਿਚ ਸ਼ਾਮਿਲ ਹੋਣ ਦੀ ਆਗਿਆ ਮੰਗੋ।**

ਪ੍ਰੀਖਿਆ ਭਵਨ,
ਕੇਂਦਰ, ੳ, ਅ, ੲ।
15 ਨਵੰਬਰ,

ਮੇਰੇ ਪਿਆਰੇ ਪਿਤਾ ਜੀ,

ਸਤਿ ਸ੍ਰੀ ਅਕਾਲ।

ਆਪ ਨੂੰ ਇਹ ਜਾਣ ਦੇ ਖ਼ੁਸ਼ੀ ਹੋਵੇਗੀ ਕਿ ਸਾਡੇ ਵਿਭਾਗ ਦੇ ਮੁੱਖੀ ਨੇ ਇਕ ਵਿਦਿਅਕ-ਟੂਰ ਦਾ ਪਰੋਗਰਾਮ ਉਲੀਕਿਆ ਹੈ। ਇਹ ਟੂਰ ਦਸੰਬਰ ਦੀਆਂ ਛੁੱਟੀਆਂ ਵਿਚ

ਜਾਣਾ ਹੈ ਅਤੇ ਇਸ ਦੌਰਾਨ ਆਗਰਾ ਅਤੇ ਦਿੱਲੀ ਦੀਆਂ ਇਤਿਹਾਸਿਕ ਥਾਵਾਂ ਵੇਖਣ ਦਾ ਪ੍ਰੋਗਰਾਮ ਬਣਾਇਆ ਗਿਆ ਹੈ । ਮੇਰੀ ਜਮਾਤ ਐਮ.ਏ. ਭਾਗ ਦੂਜਾ ਦੇ ਸਾਰੇ ਵਿਦਿਆਰਥੀ ਇਸ ਟੂਰ ਵਿੱਚ ਸ਼ਾਮਲ ਹੋ ਰਹੇ ਹਨ ।

24 ਦਸੰਬਰ ਨੂੰ ਅਸੀਂ ਰਾਤ ਦੀ ਗੱਡੀ ਦਿੱਲੀ ਜਾਵਾਂਗੇ । ਕਾਲਜ ਦੇ ਅਧਿਕਾਰਿਆਂ ਨੇ ਅੱਧੇ ਕਿਰਾਏ ਤੇ ਟਿੱਕਟਾਂ ਲੈਣ ਅਤੇ ਸੀਟਾਂ ਰਾਖਵੀਆਂ ਕਰਵਾਉਣ ਲਈ ਅਰਜ਼ੀ ਭੇਜ ਦਿਤੀ ਹੈ। ਇਸੇ ਤਰ੍ਹਾਂ ਦਿੱਲੀ ਤੋਂ ਆਗਰੇ ਤੱਕ ਦੀਆਂ ਟਿਕੱਟਾਂ ਦਾ ਪ੍ਰਬੰਧ ਵੀ ਕੀਤਾ ਜਾ ਰਿਹਾ ਹੈ । ਦਿੱਲੀ ਦੇ ਇਕ ਕਾਲਜ ਦੇ ਹੋਸਟਲ ਵਿੱਚ ਰਹਿਣ ਦਾ ਪ੍ਰਬੰਧ ਵੀ ਕਰ ਲਿਆ ਗਿਆ ਹੈ । ਬਿਸਤਰੇ ਤੇ ਅਸੀਂ ਆਪਣੇ ਨਾਲ ਲਿਜਾਵਾਂਗੇ, ਲਗਭਗ ਇਕ ਹਫ਼ਤੇ ਦੇ ਇਸ ਟੂਰ ਦੌਰਾਨ ਸਾਡਾ ਕੇਵਲ ਦੋ ਕੁ ਸੌ ਰੁਪਏ ਦਾ ਖ਼ਰਚ ਆਵੇਗਾ ।

ਦਿੱਲੀ ਵਿਚ ਅਸੀ ਕੇਵਲ ਦੋ ਦਿਨ ਹੀ ਰਹਾਂਗੇ ਅਤੇ ਇਨ੍ਹਾਂ ਦਿਨਾਂ ਵਿਚ ਗੁਰਦੁਆਰਾ ਸੀਸ ਗੰਜ ਸਾਹਿਬ, ਸ਼ਾਹੀ ਮਸਜਿਦ, ਲਾਲ ਕਿਲਾ, ਰਾਜਘਾਟ, ਸ਼ਾਂਤੀ ਵਣ, ਜੰਤਰ ਮੰਤਰ, ਪਾਰਲੀਮੈਂਟ ਹਾਊਸ, ਹਮਾਯੂੰ ਦਾ ਮਕਬਰਾ, ਪੁਰਾਣਾ ਕਿਲਾ ਅਤੇ ਕੁਤਬ ਦੀ ਲਾਟ ਆਦਿ ਇਤਿਹਾਸਕ ਸਥਾਨ ਵੇਖਾਂਗੇ । ਇਸ ਤੋਂ ਬਾਅਦ ਅਸੀਂ ਆਗਰੇ ਲਈ ਚਲ ਪਵਾਂਗੇ ਅਤੇ ਉਥੇ ਅਸੀਂ ਤਾਜ ਮਹੱਲ ਤੇ ਅਕਬਰ ਦਾ ਮਕਬਰਾ ਵੇਖਾਂਗੇ । ਸਿਕੰਦਰਾਬਾਦ ਅਤੇ ਫਤਿਹਪੁਰ ਸੀਕਰੀ ਜਾਣਾ ਵੀ ਇਸ ਟੂਰ ਦਾ ਭਾਗ ਹੈ ।

ਇਹ ਟੂਰ ਮੇਰੇ ਗਿਆਨ ਤੇ ਆਮ ਵਾਕਫ਼ੀਅਤ ਵਿਚ ਵਾਧਾ ਕਰੇਗਾ । ਇਸ ਲਈ ਕ੍ਰਿਪਾ ਕਰਕੇ ਮੈਨੂੰ ਇਸ ਟੂਰ ਵਿਚ ਸ਼ਾਮਲ ਹੋਣ ਦੀ ਆਗਿਆ ਦੇਵੋ ਅਤੇ ਦੋ ਸੌ ਰੁਪੈ ਵੀ ਭੇਜ ਦਿਓ । ਮਾਤਾ ਜੀ ਨੂੰ ਨਮਸਕਾਰ । ਭੈਣਾਂ-ਭਰਾਵਾਂ ਨੂੰ ਪਿਆਰ ।

ਤੁਹਾਡਾ ਪਿਆਰਾ ਬੇਟਾ,
ਰੋਲ ਨੰ:..........